# ਸ਼ਸਤ੍ਰ ਵਿਦਿਆ ਮੂਲ-ਮੰਤਰ

## ੧ਓ ਸ੍ਰੀ ਭਗਉਤੀ ਜੀ ਸਹਾਇ
## ਭੁਜੰਗ ਪ੍ਰਯਾਤ ਛੰਦ ॥
## ਸ੍ਰੀ ਸਾਹਿਬ ਜੀ ਕੀ ਉਸਤਤਿ
## ਪਾਤਿਸਾਹੀ ੧੦ ॥

ਨਮੋ ਸ੍ਰੀ ਭਗਉਤੀ ਬਢੈਲੀ ਸਰੋਹੀ ॥ ਕਰੈ ਏਕ ਤੇ ਦ੍ਵੈ ਸੁਭਟ ਹਾਥ ਸੋਹੀ ॥ ਮਹਾ ਲੋਹ ਕੀ ਪੁਤ੍ਰਿਕਾ ਝਲ ਹਲੰਤੀ ॥ ਨਮੋ ਜੋਗ ਜ੍ਵਾਲਾ ਮੁਖੀ ਜਿਯੋਂ ਬਲੰਤੀ ॥੧॥ਰਹਾਉ॥
ਮਹਾ ਪਾਨ ਕੀ ਭਾਨ ਗੰਗਾ ਤਰੰਗੀ ॥ ਭਿਰੈ ਸਾਮੁਹੇ ਮੋਖ ਦਾਤੀ ਅਭੰਗੀ ॥ ਨਮੋ ਤੇਗ ਤਰਵਾਰ ਸ੍ਰੀ ਖਗ ਖੰਡਾ ॥ ਮਹਾ ਰੁਦ੍ਰ ਰੂਪਾ ਬਿਰੂਪਾ ਪ੍ਰਚੰਡਾ ॥੨॥
ਮਹਾ ਤੇਜ ਧਾਰਾ ਦੁਖੰਡਾ ਦੁਧਾਰਾ ॥ ਮਹਾ ਸਤ੍ਰ ਬਨ ਕੋ ਮਹਾ ਭੀਮ ਆਰਾ ॥ ਮਹਾ ਕਾਲ ਕੀ ਕਾਲਿ ਕਾ ਕਾਲ ਕ੍ਰੁਧੰ ॥ ਮਹਾ ਬਿਗ੍ਰਹੀ ਬੁਧਿ ਕੀ ਸਿਧਿ ਉਰਧੰ ॥੩॥
ਮਹਾ ਪਾਤਿਨੀ ਤ੍ਵੰ ਪ੍ਰਲੈ ਕਾਲ ਕਰਤੀ ॥ ਮਹਾ ਅਸਤ੍ਰ ਤ੍ਵੰਹੀ ਮਹਾ ਸਤ੍ਰ ਹਰਤੀ॥ ਮਹਾ ਕਾਟ ਕੀ ਲਾਟ ਬਿਕਰਾਲ ਭੀਮੰ ॥ ਬਹੀ ਤਛ ਮੁਛੰ ਕਰੈ ਸਤ੍ਰ ਕੀਮੰ ॥੪॥
ਮਹਾ ਤੇਜ ਕੀ ਤੇਜਤਾ ਤੇਜ ਵੰਤੀ ॥ ਪ੍ਰਜਾ ਕੰਡਨੀ ਦੰਡਨੀ ਸਤ੍ਰ ਹੰਤੀ ॥ ਮਹਾ ਬੀਰ ਬਿਦਿਆ ਮਹਾ ਬੀਰ ਰੂਪੰ ॥ ਮਹਾ ਭੀਰ ਮੈ ਬੀਰ ਦਾਤੀ ਬਿਰੂਪੰ ॥੫॥
ਤੁਹੀਂ ਸੈਫ ਪਟਾ ਮਹਾ ਕਾਟ ਕਾਤੀ ॥ ਅਨਗ ਆਪਨੇ ਕੌ ਅਭੈ ਦਾਨ ਦਾਤੀ ॥ ਜੇਊ ਮਿਯਾਨ ਤੇ ਬੀਰ ਤੋ ਕੌ ਸੜਕੈ ॥ ਪ੍ਰਲੈ ਕਾਲ ਕੇ ਸੰਦ ਬਕੈ ਕੜਕੈ ॥੬॥
ਧਸੈ ਖੇਤ ਮੈ ਹਾਥ ਲੈ ਤੋਹਿ ਸੂਰੇ ॥ ਭਿਰੈ ਸਾਮੁਹੇ ਸਿਧਿ ਸਾਵੰਤ ਪੂਰੇ ॥ ਕਰੈ ਹਾਥ ਦ੍ਵੈ ਕਾਢਿ ਕੈ ਮਿਯਾਨ ਮੈ ਤੇ ॥ ਫਤੇ ਪਾਇ ਹੈ ਬੀਰ ਮੈਦਾਨ ਮੈ ਤੇ ॥੭॥
ਕਟਕ ਸਤ੍ਰ ਮੈ ਅਗ੍ਰ ਹ੍ਵੈ ਫਟ ਬਾਹੈ ॥ ਬਰੈ ਦੇਵ ਕੰਨਿਯਾ ਤੇਊ ਕੰਤ ਚਾਹੈ ॥ ਮਹਾ ਖੇਤ ਮੈ ਜੋ ਕਰੈ ਹਾਥ ਜੇਤੇ ॥ ਸ੍ਵਰਗ ਬਾਸ ਮੈ ਭੋਗਵੈ ਬਰਖ ਤੇਤੇ ॥੮॥
ਸਮਰ ਸਾਮੁਹੇ ਸੀਸ ਤੋ ਪੈਂ ਚੜਾਵੈ ॥ ਮਹਾ ਭੂਪ ਔਤਰੈ ਰਾਜ ਪਾਵੈ ॥ ਮਹਾ ਭਾਵ ਸੋ ਜੋ ਕਰੈ ਤੋਰ ਪੂਜੰ ॥ ਸਮਰ ਜੈਤ ਕੌ ਬੀਰ ਹ੍ਵੈ ਹੈ ਅਦੂਜੰ ॥੯॥
ਤੁਯੰ ਪੂਜਿ ਹੈ ਬੀਰ ਬਾਨੈਤ ਛਤ੍ਰੀ ॥ ਮਹਾ ਖੜਗ ਧਾਰੀ ਮਹਾਂ ਤੇਜ ਅਤ੍ਰੀ ॥ ਪੜੈ ਪ੍ਰੀਤ ਸੌ ਪ੍ਰਾਤ ਉਸਤੋਤ੍ਰ ਯਾ ਕੌ ॥ ਕਰੈ ਰੁਦ੍ਰ ਕਾਲੀ ਨਮਸਕਾਰ ਤਾ ਕੌ ॥੧੦॥
ਰੁਧਿਰ ਮੰਜਨੀ ਬਿੰਜਨੀ ਹੈ ਅਗੌਤੀ ॥ ਸਦਾ ਜੈ ਸਦਾ ਜੈ ਸਦਾ ਜੈ ਭਗੌਤੀ ॥ ਸਦਾ ਦਾਹਿਨੀ ਦਾਸ ਕੌ ਦਾਨ ਦੀਜੈ ॥ ਗੁਰੂ ਸਾਹ ਗੋਬਿੰਦ ਕੌ ਰਛ ਲੀਜੈ ॥੧੧॥

## ਦੋਹਰਾ ॥

ਅਸ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ ॥ ਸੈਫ ਸਰੋਹੀ ਸੈਹਥੀ ਯਹੈ ਹਮਾਰੈ ਪੀਰ ॥੩॥
ਤੀਰ ਤੁਹੀ ਸੈਥੀ ਤੁਹੀ ਤੁਹੀ ਤਬਰ ਤਰਵਾਰ ॥ ਨਾਮ ਤਿਹਾਰੋ ਜੋ ਜਪੈ ਭਏ ਸਿੰਧ ਭਵ ਪਾਰ ॥੪॥

## ਤ੍ਰਿਭੰਗੀ ਛੰਦ ॥

ਖਗ ਖੰਡ ਬਿਹੰਡੰ ਖਲ ਦਲ ਖੰਡੰ ਅਤਿ ਰਣ ਮੰਡੰ ਬਰਬੰਡੰ ॥ ਭੁਜ ਦੰਡ ਅਖੰਡੰ ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨ ਪ੍ਰਭੰ ॥
ਸੁਖ ਸੰਤਾਂ ਕਰਣੰ ਦੁਰਮਤਿ ਦਰਣੰ ਕਿਲਬਿਖ ਹਰਣੰ ਅਸ ਸਰਣੰ ॥ ਜੈ ਜੈ ਜਗ ਕਾਰਣ ਸ੍ਰਿਸਟਿ ਉਬਾਰਣ ਮਮ ਪ੍ਰਤਿਪਾਰਣ ਜੈ ਤੇਗੰ ॥੨॥

ਅਕਾਲੀ ਬਾਬਾ ਗਿਆਨ ਸਿੰਘ 'ਸੁਤੰਤ੍ਰ' ਦੀ ਅਮੋਲਕ ਪੁਸਤਕ 'ਸ਼ਸਤ੍ਰ ਵਿਦਿਆ' ਅਨੁਸਾਰ ਇਹ ਸ਼ਸਤ੍ਰ ਵਿੱਦਿਆ ਦਾ ਮੂਲ-ਮੰਤਰ ਹੈ। ਪਾਠਾਂ ਦੀ ਸੁਧਾਈ ਤਖਤ ਪਟਨਾ ਸਾਹਿਬ ਵਿਖੇ ਬਿਰਾਜਮਾਨ ਪੁਰਾਤਨ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਦੇ ਨਾਲ ਕੀਤੀ ਗਈ ਹੈ। ਇਸ ਸਰੂਪ ਦੀ ਲਿਖਾਈ ਦੀ ਸੇਵਾ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਨੇ ਨਿਭਾਈ।

ਵਲੋਂ: ਸ਼ਹੀਦ ਬਾਬਾ ਦੀਪ ਸਿੰਘ ਜੀ ਗੱਤਕਾ ਅਖਾੜਾ (ਬੀ. ਸੀ.)